Service and Information Update

11 ਅਪ੍ਰੈਲ, 2018

# ਪਟਾਕਿਆਂ ਦੇ ਵਿਕਰੇਤਾਵਾਂ ਲਈ 18 ਅਤੇ 26 ਅਪ੍ਰੈਲ ਨੂੰ ਅੱਗ ਤੋਂ ਸੁਰੱਖਿਆ ਦਾ ਸਾਲਾਨਾ ਕੋਰਸ

ਬ੍ਰੈਂਪਟਨ, ਓਨਟੈਰੀਓ – ਸਾਡੇ ਭਾਈਚਾਰੇ ਨੂੰ ਸੁਰੱਖਿਅਤ ਰੱਖਣ ਦੇ ਯਤਨ ਵਿੱਚ, ਸਿਟੀ ਆਫ ਬ੍ਰੈਂਪਟਨ (City of Brampton) ਇਸ ਮਹੀਨੇ ਪਟਾਕਿਆਂ ਦੇ ਵਿਕਰੇਤਾਵਾਂ ਲਈ ਦੋ ਸੁਰੱਖਿਆ ਕੋਰਸ ਆਯੋਜਿਤ ਕਰੇਗੀ। ਇਹ ਕੋਰਸ ਬੁੱਧਵਾਰ, 18 ਅਪ੍ਰੈਲ ਅਤੇ ਵੀਰਵਾਰ, 26 ਅਪ੍ਰੈਲ ਨੂੰ ਸ਼ਾਮ 6 ਵਜੇ, ਫਾਇਰ ਲਾਈਫ ਸੇਫਟੀ ਐਜੂਕੇਸ਼ਨ ਸੈਂਟਰ, 225 ਸੈਂਟਰਲ ਪਾਰਕ ਡ੍ਰਾਈਵ (Fire Life Safety Education Centre, 225 Central Park Drive) ਵਿਖੇ ਹੋਣੇ ਨਿਯਤ ਹਨ ਅਤੇ ਵਿਕਰੇਤਾਵਾਂ ਲਈ ਇਹਨਾਂ ਸੈਸ਼ਨਾਂ ਵਿੱਚੋਂ ਇੱਕ ਵਿੱਚ ਸ਼ਾਮਲ ਹੋਣਾ ਜ਼ਰੂਰੀ ਹੈ, ਜੇਕਰ ਉਹਨਾਂ ਦੀ ਵਿਕਟੋਰੀਆ ਡੇ (Victoria Day) ਜਾਂ ਕੈਨੇਡਾ ਡੇ (Canada Day) ਲਈ ਪਟਾਕੇ ਵੇਚਣ ਦੀ ਯੋਜਨਾ ਹੈ। ਜੇਕਰ ਕੋਈ ਵਿਕਰੇਤਾ ਦੀਵਾਲੀ (Diwali) ਲਈ ਪਟਾਕੇ ਵੇਚਣਾ ਚਾਹੁੰਦਾ ਹੈ ਤਾਂ ਇਸ ਲਈ ਸਤੰਬਰ ਵਿੱਚ ਵਾਧੂ ਕੋਰਸ ਨਿਯਤ ਕੀਤੇ ਜਾਣਗੇ।

ਰਜਿਸਟਰੇਸ਼ਨ 905.874.2740 ‘ਤੇ ਫੋਨ ਕਰਕੇ ਐਡਵਾਂਸ ਵਿੱਚ ਕਰਨਾ ਜ਼ਰੂਰੀ ਹੈ। ਫੀਸ $100 ਹੈ।

ਇੱਕ ਤੋਂ ਵੱਧ ਸਥਾਨਾਂ ਵਾਲੇ ਵਿਕਰੇਤਾਵਾਂ ਲਈ, ਹਰੇਕ ਸਥਾਨ ਤੋਂ ਘੱਟੋ-ਘੱਟ ਇੱਕ ਓਪਰੇਟਰ ਲਈ ਕੋਰਸ ਪੂਰਾ ਕਰਨਾ ਲਾਜ਼ਮੀ ਹੈ।

ਇਹ ਲਾਜ਼ਮੀ ਸਾਲਾਨਾ ਕੋਰਸ 2017 ਵਿੱਚ ਸਿਟੀ ਵੱਲੋਂ ਸ਼ੁਰੂ ਕੀਤਾ ਗਿਆ ਸੀ। ਪਟਾਕਿਆਂ ਅਤੇ ਲਾਈਸੈਂਸਿੰਗ ਸਬੰਧੀ ਨਵੇਂ ਉਪ-ਨਿਯਮਾਂ ਨੂੰ 2016 ਵਿੱਚ ਕਾਉਂਸਿਲ ਵੱਲੋਂ ਮਨਜ਼ੂਰੀ ਦਿੱਤੀ ਗਈ ਸੀ। ਉਪ-ਨਿਯਮ ਬ੍ਰੈਂਪਟਨ ਦੀਆਂ ਸਾਰੀਆਂ ਰਿਹਾਇਸ਼ੀ ਪ੍ਰਾਪਰਟੀਜ਼ ‘ਤੇ ਵਿਕਟੋਰੀਆ ਡੇ (Victoria Day), ਕੈਨੇਡਾ ਡੇ (Canada Day), ਦੀਵਾਲੀ (Diwali) ਅਤੇ ਨਵੇਂ ਸਾਲ ਤੋਂ ਪਹਿਲਾਂ ਦੀ ਸ਼ਾਮ (New Year’s Eve) ਨੂੰ, ਪਰਮਿਟ ਦੀ ਲੋੜ ਦੇ ਬਿਨਾਂ, ਛੋਟੀ-ਰੇਂਜ ਦੇ ਪਟਾਕੇ ਚਲਾਉਣ ਦੀ ਇਜਾਜ਼ਤ ਦਿੰਦੇ ਹਨ। ਸੁਰੱਖਿਆ ਮੁੱਖ ਤਰਜੀਹ ਹੈ, ਇਸਲਈ ਉਪ-ਨਿਯਮ ਹੋਰ ਪ੍ਰਕਾਰ ਦੇ ਉਹਨਾਂ ਪਟਾਕਿਆਂ ‘ਤੇ ਵੀ ਪਾਬੰਦੀ ਲਗਾਉਂਦਾ ਹੈ, ਜੋ ਸੱਟ ਦਾ ਜਾਂ ਪ੍ਰਾਪਰਟੀ ਨੂੰ ਨੁਕਸਾਨ ਦਾ ਵੱਧ ਜੋਖਮ ਪੈਦਾ ਕਰਦੇ ਹਨ।

ਬ੍ਰੈਂਪਟਨ ਵਿੱਚ ਵਿਕਟੋਰੀਆ ਡੇ ਅਤੇ ਕੈਨੇਡਾ ਡੇ ਲਈ ਪਟਾਕੇ ਵੇਚਣ ਵਾਸਤੇ ਲਸੰਸਸ਼ੁਦਾ ਵਿਕਰੇਤਾਵਾਂ ਦੀ ਸੂਚੀ ਇਹਨਾਂ ਛੁੱਟੀਆਂ ਦੇ ਆਸਪਾਸ ਸਿਟੀ ਦੀ ਵੈਬਸਾਈਟ ‘ਤੇ ਪੋਸਟ ਕੀਤੀ ਜਾਏਗੀ।

**ਤਤਕਾਲੀ ਲਿੰਕ:**

- Fireworks safety video (ਪਟਾਕਿਆਂ ਤੋਂ ਸੁਰੱਖਿਆ ਦਾ ਵੀਡੀਓ)
- Fireworks FAQs (ਪਟਾਕਿਆਂ ਸਬੰਧੀ ਅਕਸਰ ਪੁੱਛੇ ਜਾਣ ਵਾਲੇ ਸਵਾਲ)

-30-

**ਮੀਡੀਆ ਸੰਪਰਕ:**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca